## ਗੁਰੂ ਨਾਨਕ - ਸਬਦ ੩੯
## ਕਰਮ ਖੰਡ ਕੀ ਬਾਣੀ ਜੋਰੁ ॥
## ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੮

ਕਰਮ ਖੰਡ ਕੀ ਬਾਣੀ ਜੋਰੁ ॥
ਤਿਥੈ ਹੋਰੁ ਨ ਕੋਈ ਹੋਰੁ ॥
ਤਿਥੈ ਜੋਧ ਮਹਾਬਲ ਸੂਰ ॥
ਤਿਨ ਮਹਿ ਰਾਮੁ ਰਹਿਆ ਭਰਪੂਰ ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥
ਤਾ ਕੇ ਰੂਪ ਨ ਕਥਨੇ ਜਾਹਿ ॥
ਨਾ ਓਹਿ ਮਰਹਿ ਨ ਠਾਗੇ ਜਾਹਿ ॥
ਜਿਨ ਕੈ ਰਾਮੁ ਵਸੈ ਮਨ ਮਾਹਿ ॥
ਤਿਥੈ ਭਗਤ ਵਸਹਿ ਕੇ ਲੋਅ ॥
ਕਰਹਿ ਅਨੰਦੁ ਸਚਾ ਮਨਿ ਸੋਇ ॥
ਸਚ ਖੰਡਿ ਵਸੈ ਨਿਰੰਕਾਰੁ ॥
ਕਰਿ ਕਰਿ ਵੇਖੈ ਨਦਰਿ ਨਿਹਾਲ ॥
ਤਿਥੈ ਖੰਡ ਮੰਡਲ ਵਰਭੰਡ ॥
ਜੇ ਕੋ ਕਥੈ ਤ ਅੰਤ ਨ ਅੰਤ ॥
ਤਿਥੈ ਲੋਅ ਲੋਅ ਆਕਾਰ ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥
ਵੇਖੈ ਵਿਗਸੈ ਕਰਿ ਵੀਚਾਰੁ ॥
ਨਾਨਕ ਕਥਨਾ ਕਰੜਾ ਸਾਰੁ ॥੩੭॥

**ਸਾਰ**: ਚੇਤਨਾ ਦੇ ਵੱਖ-ਵੱਖ ਖੇਤਰ ਨਿੱਜੀ ਪਰਿਵਰਤਨ ਅਤੇ ਸਵੈ-ਬੋਧ ਲਈ ਸ਼ਕਤੀਸ਼ਾਲੀ ਸਾਧਨ ਹਨ। ਹਰੇਕ ਪੱਧਰ ਨੂੰ ਸੁਚੇਤ ਤੌਰ ਤੇ ਸਮਝਣਾ, ਆਪਣੇ ਆਪ ਅਤੇ ਦੂਜਿਆਂ ਨਾਲ ਡੂੰਘੇ ਸੰਬੰਧ ਵਿੱਚ ਵਾਧਾ ਹੋ ਸਕਦਾ ਹੈ। ਸਾਡੇ ਇਰਾਦੇ ਸਾਡੇ ਕੰਮਾਂ ਅਤੇ ਉਹਨਾਂ ਦੇ ਨਤੀਜਿਆਂ ਪਿਛਲੀ ਪ੍ਰੇਰਕ ਸ਼ਕਤੀ ਹਨ। ਸਾਡੇ ਅੰਦਰ ਵਿਚਾਰ ਦਾ ਪ੍ਰਵਾਹ ਹਰ ਪਲ ਚਲ ਰਿਹਾ ਹੈ, ਜਿਸ ਨਾਲ, ਕ੍ਰਿਪਾ ਜਾਂ ਅਪਮਾਨ ਦੀ

ਭਾਵਨਾ ਪੈਦਾ ਹੁੰਦੀ ਹੈ। ਉਸਾਰੂ ਵਿਚਾਰਾਂ ਤੋਂ  ਕੀਤੇ ਕਰਮਾਂ ਨੂੰ ਨੇਕ ਇਰਾਦੇ' ਮੰਨਿਆ ਜਾਂਦਾ ਹੈ। ਇਸ ਦਾ ਮਾਇਨਾ ਉਸਾਰੂ ਗੁਣਾਂ ਦੀ ਪਾਲਣਾ ਹੈ ਜੋ ਸਰਬਤ ਦੇ ਭਲੇ ਦੀ ਕਿਰਪਾ ਕਰਦੇ ਹਨ।

ਕਰਮ ਖੰਡ ਕੀ ਬਾਣੀ ਜੋਰੁ ॥

ਅਮਲ ਦੇ ਖੰਡ ਵਿੱਚ, ਨੇਕ ਇਰਾਦਾ ਸਭ ਤੋਂ ਸ਼ਕਤੀਸ਼ਾਲੀ ਹੁੰਦਾ ਹੈ।

ਤਿਥੈ ਹੋਰੁ ਨ ਕੋਈ ਹੋਰੁ ॥

ਇਸ ਗੁਣ ਤੋਂ ਬਿਨਾ ਹੋਰ ਕੁਝ ਵੀ ਨਹੀਂ ਹੈ ਅਤੇ ਨਾ ਹੀ ਗੁਣਵਾਨ ਹੋਣ ਦਾ ਕੋਈ ਹੋਰ ਤਰੀਕਾ ਹੈ।

ਤਿਥੈ ਜੋਧ ਮਹਾਬਲ ਸੂਰ ॥

ਉਹ ਜੋ ਨੇਕ ਇਰਾਦੇ ਵਾਲੇ ਹਨ ਬਹਾਦਰ, ਸੂਰਬੀਰ ਨਾਇਕ ਹਨ।

ਤਿਨ ਮਹਿ ਰਾਮੁ ਰਹਿਆ ਭਰਪੂਰ ॥

ਅਜਿਹਿਆਂ ਹਸਤੀਆਂ ਏਕਤਾ ਦੇ ਰੰਗ ਵਿੱਚ ਰੰਗੀਆਂ ਹੋਈਆਂ ਹਨ।

ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥

ਅਣਗਿਣਤ ਦੈਵੀ ਹਸਤੀਆਂ ਅੰਦਰ ਵੱਸਦੀ ਸਰਬ-ਵਿਆਪਕ ਅਣਡਿਠ ਚੇਤਨਾ ਦੀ ਪ੍ਰਸ਼ੰਸਾ ਵਿੱਚ ਹਨ।

ਤਾ ਕੇ ਰੂਪ ਨ ਕਥਨੇ ਜਾਹਿ ॥

ਇਸ ਦੇ ਰੂਪ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ।

ਨਾ ਓਹਿ ਮਰਹਿ ਨ ਠਾਗੇ ਜਾਹਿ ॥

ਉਹ ਕਦੇ ਵੀ ਆਤਮਿਕ ਮੌਤ ਦਾ ਅਨੁਭਵ ਨਹੀਂ ਕਰਦੇ, ਅਤੇ ਨਾ ਹੀ ਮਾਰੂ ਸੋਚ ਉਹਨਾਂ ਨੂੰ ਧੋਖਾ ਦੇ ਸਕਦੀ।

ਜਿਨ ਕੈ ਰਾਮੁ ਵਸੈ ਮਨ ਮਾਹਿ ॥

ਜਿਨ੍ਹਾਂ ਦੇ ਹਿਰਦੇ ਵਿਚ ਨੇਕਤਾ ਵੱਸੀ ਹੋਈ ਹੈ।

ਤਿਥੈ ਭਗਤ ਵਸਹਿ ਕੇ ਲੋਅ ॥

ਉਹ ਦਿਲ ਜੋ ਮਨੁੱਖਤਾ ਨੂੰ ਪਨਾਹ ਦਿੰਦੇ ਹਨ ਇੱਕ ਰੂਹਾਨੀ ਨਿਵਾਸ ਦੇ ਸਮਾਨ ਹਨ।

ਕਰਹਿ ਅਨੰਦੁ ਸਚਾ ਮਨਿ ਸੋਇ ॥

ਅਜਿਹੇ ਹਿਰਦਿਆਂ ਵਿੱਚ ਸਦੀਵੀ ਅਨੰਦ ਦਾ ਅਨੁਭਵ ਹੁੰਦਾ ਹੈ, ਅਤੇ ਸੱਚ ਰੂਪਮਾਨ ਹੁੰਦਾ ਹੈ।

ਸਚ ਖੰਡਿ ਵਸੈ ਨਿਰੰਕਾਰੁ ॥

ਸੱਚ ਦੇ ਖੰਡ ਵਿੱਚ, ਨਿਰਾਕਾਰ ਬ੍ਰਹਿਮੰਡੀ ਊਰਜਾ ਨਿਵਾਸ ਕਰਦੀ ਹੈ।

ਕਰਿ ਕਰਿ ਵੇਖੈ ਨਦਰਿ ਨਿਹਾਲ ॥

ਅਣਡਿਠ ਸਰਬ-ਵਿਆਪਕ ਚੇਤਨਾ ਰਚਨਾ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ ਅਤੇ ਇਸ ਨੂੰ ਅਨੰਦ ਨਾਲ ਸੰਭਾਲਦੀ ਹੈ।

ਤਿਥੈ ਖੰਡ ਮੰਡਲ ਵਰਭੰਡ ॥

ਅਨੰਤ ਪਸਾਰੇ ਵਿਚ ਬਹੁ-ਬ੍ਰਹਿਮੰਡ, ਅਤੇ ਅਕਾਰ ਮੌਜੂਦ ਹਨ।

ਜੇ ਕੋ ਕਥੈ ਤ ਅੰਤ ਨ ਅੰਤ ॥

ਰਚਨਾ ਵਿਚ ਅਸੀਮਤਾ ਹੋਣ ਕਾਰਨ ਇਸ ਦੇ ਵਿਸਥਾਰ ਦਾ ਬਿਆਨ ਨਹੀਂ ਕੀਤਾ ਜਾ ਸਕਦਾ।

ਤਿਥੈ ਲੋਅ ਲੋਅ ਆਕਾਰ ॥

ਅਨੇਕਾਂ ਰੂਪ ਹਨ ਜੋ ਵਿਭਿੰਨ ਖੇਤਰਾਂ ਵਿੱਚ ਰਹਿੰਦੇ ਹਨ।

ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥

ਕੁਦਰਤ ਦੇ ਹੁਕਮ ਅਨੁਸਾਰ ਇੱਕ ਰੂਪ ਸਿਰਜਦਾ ਹੈ ਜੋ ਆਪਣੀਆਂ ਗਤੀਵਿਧੀਆਂ ਇਸ ਦੇ ਅਨੁਸਾਰ ਕਰਦਾ ਹੈ।

ਵੇਖੈ ਵਿਗਸੈ ਕਰਿ ਵੀਚਾਰੁ ॥

ਰਚਨਾ ਨੂੰ ਖ਼ੁਸ਼ੀ ਨਾਲ ਨਿਹਾਰਨਾ ਚਿੰਤਨ ਅਭਿਆਸ ਰਾਹੀਂ ਆਪੇ ਅਤੇ ਹੋਂਦ ਦੀ ਵਿਚਾਰੀ ਕਰਨੀ।

ਨਾਨਕ ਕਥਨਾ ਕਰੜਾ ਸਾਰੁ ॥੩੭॥

ਨਾਨਕ ਕਹਿੰਦੇ ਹਨ ਕਿ ਸਵੈ-ਬੋਧ ਰਾਹੀਂ ਵਿਕਾਸ ਦੇ ਇਸ ਪੜਾਅ ਨੂੰ ਬਿਆਨ ਕਰਨਾ ਲੋਹੇ ਜਿੰਨਾ ਸਖਤ ਹੈ। (੩੭)

**ਤੱਤ:** ਗੁਰੂ ਨਾਨਕ ਦੇ ਅਨੁਸਾਰ ਨੇਕ ਇਰਾਦਿਆਂ ਰਾਹੀਂ ਕੀਤੇ ਕਰਮ ਸਾਰੇ ਕਰਮਾਂ ਤੋਂ ਉਤਮ ਹੁੰਦੇ ਹਨ। ਇਹ ਕਰਮ ਚਿੰਤਨ, ਅਧਿਐਨ ਅਤੇ ਵਿਚਾਰਾਂ ਦਾ ਵਿਸ਼ਲੇਸ਼ਣ ਕਰਦੇ ਹਨ ਜੋ ਸਰਵ-ਸਤਾ ਅਤੇ ਆਪੇ ਦੀ ਹੋਂਦ ਬਾਰੇ ਹੁੰਦੇ ਹਨ। ਇਸ ਅਭਿਆਸ ਰਾਹੀਂ, ਨਿਰਾਕਾਰ ਚੇਤਨਾ ਦਾ ਅਨੁਭਵ ਹੋ ਸਕਦਾ ਹੈ, ਜੋ ਰਚਨਾ ਦੀ ਏਕਤਾ ਦੀ ਅੰਤਿਮ ਹਕੀਕਤ ਨੂੰ ਦਰਸਾਉਂਦੀ ਹੈ। ਇਸ ਸਚ ਦਾ ਵਰਣਨ ਕਰਨਾ ਸਹਿਲ ਨਹੀਂ ਪਰ ਇਹ ਅਨੁਭਵ ਕਰ ਕੇ ਸਮਝਿਆ ਜਾ ਸਕਦਾ ਹੈ।

---

ਪਹਿਲਕਦਮੀ

**Oneness In Diversity Research Foundation**

**ਵੈੱਬਸਾਈਟ:** OnenessInDiversity.com

**ਈਮੇਲ:** onenessindiversityfoundation@gmail.com